# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

**ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।**

---

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
2. ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜਰ
3. ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)

ਮੀਮੋ ਨੰ:ਸਸਅ/ਐਮਸੀ/2010/44202-44244
ਮਿਤੀ,ਚੰਡੀਗੜ੍ਹ 28 ਜੂਨ 2010

**ਵਿਸ਼ਾ :-** **ਰਾਜ ਪੱਧਰੀ ਇੰਸਪਾਇਰ ਐਵਾਰਡ ਪ੍ਰਦਰਸ਼ਨੀ ਸਬੰਧੀ : ਮਿਤੀ 07-07-2010 ਤੋਂ 09-07-2010 ਤੱਕ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਫਤਿਹਗੜ੍ਹ ਸਾਹਿਬ ਸਬੰਧੀ।**

1.0 ਆਪ ਜੀ ਦੇ ਧਿਆਨ ਵਿੱਚ ਲਿਆਂਦਾ ਜਾ ਰਿਹਾ ਹੈ ਕਿ **ਰਾਜ ਪੱਧਰੀ ਇੰਸਪਾਇਰ ਐਵਾਰਡ ਪ੍ਰਦਰਸ਼ਨੀ ਮਿਤੀ 07-07-2010 ਤੋਂ 09-07-2010 ਤੱਕ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਫਤਿਹਗੜ੍ਹ ਸਾਹਿਬ ਵਿਖੇ** ਕਰਵਾਈ ਜਾ ਰਹੀ ਹੈ।

2.0 ਇਸ ਰਾਜ ਪੱਧਰੀ ਇੰਸਪਾਇਰ ਐਵਾਰਡ ਪ੍ਰਦਰਸ਼ਨੀ ਦੇ ਇਨਾਮ ਵੰਡ ਸਮਾਰੋਹ ਦੌਰਾਨ ਮੁੱਖ ਮਹਿਮਾਨ ਮਾਨਯੋਗ ਸਿੱਖਿਆ ਮੰਤਰੀ ਡਾ.ਉਪਿੰਦਰਜੀਤ ਕੌਰ ਜੀ ਹੋਣਗੇ।

3.0 ਇਸ ਵਿਗਿਆਨ ਪ੍ਰਦਰਸ਼ਨੀ ਵਿੱਚ ਮਿਡਲ ਅਤੇ ਹਾਈ ਵਰਗ ਦੇ ਸਾਰੇ ਜ਼ਿਲ੍ਹਿਆਂ ਦੇ 5% ਵਧੀਆ ਮਾਡਲ ਪ੍ਰਦਰਸ਼ਿਤ ਕਰਨ ਵਾਲੇ ਵਿਦਿਆਰਥੀ ਭਾਗ ਲੈਣਗੇ ਅਤੇ ਇਨ੍ਹਾਂ ਵਿਦਿਆਰਥੀਆਂ ਨਾਲ ਇਨ੍ਹਾਂ ਦੇ ਗਾਈਡ ਅਧਿਆਪਕ ਵੀ ਆਉਣਗੇ। **ਪ੍ਰਦਰਸ਼ਨੀਆਂ ਦੀ ਸਮਾਂ ਸਾਰਣੀ ਅਨੁਲਗ 'ੳ' ਤੇ ਹੈ।**

4.0 ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਜ਼ਿਲ੍ਹੇ ਦੇ ਜੇਤੂ ਵਿਦਿਆਰਥੀਆਂ ਅਤੇ ਸਬੰਧਤ ਅਧਿਆਪਕਾਂ ਦੀ ਸੂਚਨਾ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਫਤਿਹਗੜ੍ਹ ਸਹਿਬ ਨੂੰ ਭੇਜੀ ਜਾਵੇ ਅਤੇ ਇਸ ਦੇ ਨਾਲ-ਨਾਲ ਉਹਨਾਂ ਭਾਗ ਲੈਣ ਵਾਲੇ

ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਮਿੱਥੇ ਸ਼ਡਿਊਲ ਅਨੁਸਾਰ ਆਪਣੇ ਮਾਡਲ ਪ੍ਰਦਰਸ਼ਿਤ ਕਰਨ ਲਈ ਸੂਚਿਤ ਕੀਤਾ ਜਾਵੇ। ਟੀਮ ਦਾ ਆਗੂ ਸਬੰਧਤ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ਹੋਵੇਗਾ ਅਤੇ ਉਸ ਦਾ ਪ੍ਰਰਸ਼ਨੀ ਵਿੱਚ ਭਾਗ ਲੈਣਾ ਲਾਜ਼ਮੀ ਹੋਵੇਗਾ।

5.0 ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਨ੍ਹਾਂ ਪ੍ਰਦਰਸ਼ਨੀਆਂ ਵਿੱਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸਫ਼ਰ ਭੱਤਾ ਦਿੱਤਾ ਜਾਵੇਗਾ। ਉਹਨਾਂ ਦੀ ਰਿਹਾਇਸ਼ ਅਤੇ ਖਾਣੇ ਦਾ ਪ੍ਰਬੰਧ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਫਤਿਹਗੜ੍ਹ ਸਾਹਿਬ ਵੱਲੋਂ ਕੀਤਾ ਜਾਵੇਗਾ। ਇਹਨਾਂ ਖਰਚਿਆਂ ਲਈ ਲੋੜੀਂਦੇ ਫੰਡਜ਼ ਸਟੇਟ ਹੈੱਡ ਆਫ਼ਿਸ ਵੱਲੋਂ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ.) ਫਤਿਗਹੜ੍ਹ ਸਾਹਿਬ ਨੂੰ ਮੁਹੱਇਆ ਕਰ ਦਿੱਤੇ ਜਾਣਗੇ।

6.0 ਇਹ ਯਕੀਨੀ ਬਣਾਇਆ ਜਾਵੇ ਕਿ ਹਰ ਯੋਗ ਵਿਦਿਆਰਥੀ ਇਸ ਪ੍ਰਦਰਸ਼ਨੀ ਵਿੱਚ ਭਾਗ ਲਵੇ।

7.0 ਇੱਥੇ ਇਹ ਵੀ ਦੱਸਣਾ ਉਚਿਤ ਹੋਵੇਗਾ ਕਿ ਉਕਤ ਪ੍ਰਦਰਸ਼ਨੀ ਦੀ ਸਮਾਪਤੀ ਉਪਰੰਤ ਰਾਜ ਪੱਧਰੀ ਇੰਸਪਾਇਰ ਐਵਾਰਡ ਸਮਾਰੋਹ ਮਿਤੀ 09-07-2010 ਨੂੰ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਦੇ ਆਡੀਟੋਰੀਅਮ ਵਿਖੇ ਸਵੇਰੇ 12:00 ਵਜੇ ਹੋਵੇਗਾ ਜਿਸ ਵਿੱਚ ਦੋਹਾਂ ਵਰਗਾਂ ਵਿੱਚੋਂ ਮਿਡਲ ਵਰਗ ਦੇ ਤਿੰਨ ਟਾਪਰ ਵਿਦਿਆਰਥੀ ਅਤੇ ਹਾਈ ਵਰਗ ਦੇ ਦੋ ਟਾਪਰ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਜਾਣਗੇ ਅਤੇ ਉਨ੍ਹਾਂ ਦੇ ਨਾਂ ਰਾਸ਼ਟਰੀ ਇਸੰਪਾਇਰ ਐਵਾਰਡ ਪ੍ਰਦਰਸ਼ਨੀ ਲਈ ਭੇਜੇ ਜਾਣਗੇ।

8.0 ਮਿਤੀ 09-07-2010 ਦੇ ਇਨਾਮ ਵੰਡ ਸਮਾਰੋਹ ਦੌਰਾਨ ਇੰਸਪਾਇਰ ਐਵਾਰਡ ਦੇ ਜੇਤੂਆਂ ਦੇ ਨਾਲ-ਨਾਲ ਉਹਨਾਂ ਵਿਦਿਆਰਥੀਆਂ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ ਜਿਹਨਾਂ ਨੇ ਪੰਜਵੀਂ ਗਣਿਤ ਅਤੇ ਅੱਠਵੀਂ ਗਣਿਤ ਅਤੇ ਸਾਇੰਸ ਦੀ ਰਾਜ ਪੱਧਰੀ ਪ੍ਰਤੀਯੋਗਿਤਾ ਜੋ ਕਿ ਮਿਤੀ (10-02-10) ਨੂੰ ਹੋਈ ਸੀ ਵਿੱਚ ਪਹਿਲਾ, ਦੂਜਾ ਅਤੇ

ਤੀਸਰਾ ਸਥਾਨ ਹਾਸਿਲ ਕੀਤਾ ਹੈ। ਇਨ੍ਹਾਂ ਵਿਦਿਆਰਥੀਆਂ ਦੀ ਕੁੱਲ ਗਿਣਤੀ ਹੇਠ ਅਨੁਸਾਰ ਸਪੱਸ਼ਟ ਕੀਤੀ ਜਾਂਦੀ ਹੈ।

ਪੰਜਵੀਂ ਗਣਿਤ = 5 ਵਿਦਿਆਰਥੀ

ਅੱਠਵੀਂ ਗਣਿਤ = 3 ਵਿਦਿਆਰਥੀ

ਅੱਠਵੀਂ ਸਾਇੰਸ = 3 ਵਿਦਿਆਰਥੀ

ਕੁੱਲ ਵਿਦਿਆਰਥੀਆਂ = 11 ਵਿਦਿਆਰਥੀ (ਵੈੱਬ-ਸਾਈਟ ਤੇ ਦਰਸਾਈ ਸਥਿਤੀ ਅਨੁਸਾਰ )

9.0 ਉਕਤ ਅਨੁਸਾਰ ਲੋੜੀਂਦੀ ਕਾਰਵਾਈ ਵੇਲੇ ਸਿਰ ਕਰਨਾ ਯਕੀਨੀ ਬਣਾਇਆ ਜਾਵੇ ਜੀ।

**ਨੱਥੀ :-** **ਪ੍ਰਦਰਸ਼ਨੀਆਂ ਦੀ ਸਮਾਂ ਸਾਰਣੀ**

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ,ਚੰਡੀਗੜ੍ਹ**

# ਅਨੁਲਗ 'ੳ'

## ਰਾਜ ਪੱਧਰੀ ਇੰਸਪਾਇਰ ਐਵਾਰਡ ਪ੍ਰਦਰਸ਼ਨੀ 2009-10 ਮਿਤੀ 07-07-2010 ਤੋਂ 09-07-2010 ਤੱਕ

| ਲੜੀ ਨੰ: | ਮਿਤੀ | ਐਕਟੀਵਿਟੀ | ਸਮਾਂ | ਸਥਾਨ |
|---|---|---|---|---|
| 1. | 07-07-2010 | ਰਜਿਸਟ੍ਰੇਸ਼ਨ | ਠੀਕ ਸਵੇਰੇ 8:00 ਵਜੇ ਤੋਂ ਸਵੇਰੇ 10 : 00 ਵਜੇ ਤੱਕ | **ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਫਤਿਹਗੜ੍ਹ ਸਾਹਿਬ** |
| 2. | 07-07-2010 | ਮਾਡਲਾਂ ਦੀ ਇੰਸਟਾਲੇਸ਼ਨ | ਠੀਕ 11:30 ਵਜੇ ਤੱਕ | ਉਹੀ |
| 3. | 07-07-2010 | ਪ੍ਰਦਰਸ਼ਨੀਆਂ ਦਾ ਉਦਘਾਟਨ | 11:45 ਵਜੇ | ਉਹੀ |
| 4. | 07-07-2010 | ਜੱਜਮੈਂਟ (ਦੋਵਾਂ ਵਰਗਾਂ) | 11:45 ਵਜੇ ਤੋਂ 1:00 ਵਜੇ ਤੱਕ | ਉਹੀ |
| 5. | 07-07-2010 | ਦੁਪਹਿਰ ਦਾ ਖਾਣਾ | 1:00 ਵਜੇ 1:30 ਵਜੇ ਤੱਕ | ਉਹੀ |
| 6. | 07-07-2010 | ਜੱਜਮੈਂਟ (ਦੋਵਾਂ ਵਰਗਾਂ) | 1:30 ਵਜੇ 4:30 ਵਜੇ ਤੱਕ | ਉਹੀ |
| 6. | 08-07-2010 | ਜੱਜਮੈਂਟ (ਦੋਵਾਂ ਵਰਗਾਂ) | 8:00 ਵਜੇ 1:00 ਵਜੇ ਤੱਕ | ਉਹੀ |
| 7. | 08-07-2010 | ਦੁਪਿਹਰ ਦਾ ਖਾਣਾ | 1:00 ਵਜੇ ਤੋਂ 1:30 ਵਜੇ ਤੱਕ | ਉਹੀ |
| 8. | 08-07-2010 | ਜੱਜਮੈਂਟ (ਦੋਵਾਂ ਵਰਗਾਂ) | 1:30 ਵਜੇ ਤੋਂ 4:30 ਵਜੇ | ਉਹੀ |
| 9. | 09-07-2010 | ਫਾਈਨਲ ਜੱਜਮੈਂਟ | 8:00 ਤੋਂ 11:30 ਵਜੇ ਤੱਕ | ਉਹੀ |
| 10. | 09-07-2010 | ਇਨਾਮਵੰਡ ਸਮਾਰੋਹ | 12:00 ਤੋਂ 1:30 ਵਜੇ ਤੱਕ | ਉਹੀ |
| 11. | 09-07-2010 | ਦੁਪਿਹਰ ਦਾ ਖਾਣਾ | 1:30 ਤੋਂ 2:30 ਵਜੇ ਅਤੇ ਟੀ.ਏ. ਬਿਲਾਂ ਦੀ ਅਦਾਇਗੀ । | ਉਹੀ |

ਨੋਟ :- ਵਧੇਰੇ ਜਾਣਕਾਰੀ ਲਈ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), ਫਤਿਹਗੜ੍ਹ ਸਾਹਿਬ (ਫੋਨ:94639-98041) ਅਤੇ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ਫਤਿਹਗੜ੍ਹ ਸਾਹਿਬ (ਫੋਨ:99157-75810) ਤੇ ਸੰਪਰਕ ਕੀਤਾ ਜਾ ਸਕਦਾ ਹੈ।